a2zpapers.com

**Exam. Code : 103201**
**Subject Code : 1013**

**B.A./B.Sc. 1st Semester**

**PUNJABI (Elective)**

Time Allowed—3 Hours] [Maximum Marks—100

**ਨੋਟ :** (1) ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ।

(2) ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ ਅਤੇ **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ–ਪਹਿਲਾ**

1. ਨਿਮਨ ਲਿਖਤ ਵਿੱਚੋਂ ਕਿਸੇ **ਦੋ** ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਚੜ੍ਹੇ ਮਹੀਨੇ
ਤਲਬ ਦਿਹਾੜੇ
ਬਿੱਲਾਂ ਦਾ ਭੁਗਤਾਣ ਕਰਦਿਆਂ
ਨਿੱਕੀਆਂ ਨਿੱਕੀਆਂ
ਸੌ ਸੱਧਰਾਂ ਦਾ ਘਾਣ ਕਰਦਿਆਂ
ਘੁੱਟ ਸਬਰ ਦੇ ਨਾਲ
ਆਪਣੀ ਹੀ ਰੱਤ ਪੀਤੀ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਬੱਚੇ ਨੂੰ ਬੂਟਾਂ ਦਾ ਲਾਰਾ
ਹੋਰ ਮਹੀਨਾ ਟਾਲਣ ਵੇਲੇ
ਹਰ ਵਾਰੀ ਮੈਂ
ਦੱਬੀ ਚੀਕ ਮੁਲਤਵੀ ਕੀਤੀ।

(ਅ) ਫਟਾ ਫਟਾ ਝੱਗਾ ਇਕ ਜੋਬਨਾਂ ਨੂੰ ਕੱਜਦਾ
ਅਰਕਾਂ ਨੰਗੀਆਂ ਪਈਆਂ ਹੁੰਦੀਆਂ,
ਤੇ ਛਾਤੀ ਦੀਆਂ ਲੀਰਾਂ ਹਵਾ ਪਈ ਚੁੱਕਦੀ,
ਇਹ ਭੈੜੀ ਹਵਾ ਕੇਹੀ ਪਈ ਵਗਦੀ,
ਖ਼ਾਹ ਮਖ਼ਾਹ ਛੇੜਦੀ, ਤੰਗ ਪਈ ਕਰਦੀ,
ਮੁੜ ਮੁੜ ਦੱਸਦੀ ਲੀਰਾਂ ਵਿੱਚੋਂ ਨੰਗੇ ਨੰਗੇ ਅੰਗ ਮੇਰੇ।

(ੲ) ਮੇਰੀ ਮਹਿਬੂਬ, ਤੈਨੂੰ ਵੀ ਗਿਆ ਹੋਣਾ ਮੁਹੱਬਤ 'ਤੇ
ਮੇਰੇ ਖ਼ਾਤਰ ਤੇਰੇ ਅੱਥਰੇ ਜੇਹੇ ਚਾਵਾਂ ਦਾ ਕੀ ਬਣਿਆ
ਤੂੰ ਰੀਝਾਂ ਦੀ ਸੂਈ ਨਾ, ਉੱਕਰੀਆਂ ਸੀ ਜੋ ਰੁਮਾਲਾਂ 'ਤੇ
ਉਨ੍ਹਾਂ ਧੁੱਪਾਂ ਦਾ ਕੀ ਬਣਿਆ, ਉਨ੍ਹਾਂ ਛਾਵਾਂ ਦਾ ਕੀ ਬਣਿਆ।

(ਸ) ਬਿਗਾਨੇ ਵਿਹੜਿਆਂ ਵਿੱਚ ਜਾ ਡਿੱਗੇ ਤਾਂ
ਨਾ ਜਾਣੇ ਕੀ ਦਾ ਕੀ ਸਿੱਖਣ ਵਿਚਾਰੇ।
ਪਰਾਂ ਦੇ ਉਗਦਿਆਂ ਹੀ ਫੇਰ ਕਿਧਰੇ,
ਤੁਹਾਡੇ 'ਤੇ ਹੀ ਨਾ ਝਪਟਣ ਇਹ ਸਾਰੇ।
ਡਰਾ ਕੇ ਤੇ, ਉਡਾ ਕੇ ਤੇ
ਨਾ ਪਾਉ ਹੋਰ ਹੁਣ ਛਿੱਥੇ।
ਪਰਿੰਦੇ ................।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

2. ਕਿਸੇ **ਇੱਕ** ਕਵਿਤਾ ਦਾ ਵਿਸ਼ਾ-ਵਸਤੂ ਵਰਨਣ ਕਰੋ :

(ੳ) ਖੂਹ ਉੱਤੇ

(ਅ) ਕੰਡਿਆਲੀ ਥੋਰ੍ਹ।

**ਭਾਗ—ਦੂਜਾ**

3. 'ਸੂਰਜਾਂ ਦੇ ਹਾਣੀ' ਨਾਵਲ ਦਾ ਵਿਸ਼ਾ-ਵਸਤੂ ਕੀ ਹੈ ? ਵਿਸਥਾਰ ਵਿੱਚ ਚਰਚਾ ਕਰੋ।

4. 'ਸੂਰਜਾਂ ਦੇ ਹਾਣੀ' ਨਾਵਲ ਦੇ ਕਿਸੇ **ਦੋ** ਪਾਤਰਾਂ ਦਾ ਪਾਤਰ ਚਿਤਰਨ ਕਰੋ :

(1) ਬਲਵਿੰਦਰ

(2) ਪ੍ਰਕਾਸ਼ਾ ਨੰਦ

(3) ਬਸੰਤ ਸਿੰਘ।

**ਭਾਗ—ਤੀਜਾ**

5. ਧੁਨੀ ਸੰਪਰਦਾਇ ਨੂੰ ਪ੍ਰਭਾਸ਼ਿਤ ਕਰਕੇ ਵਿਸਥਾਰ-ਪੂਰਵਕ ਜਾਣਕਾਰੀ ਦਿਓ।

6. ਅਲੰਕਾਰ ਸੰਪ੍ਰਦਾਇ ਬਾਰੇ ਪੂਰਨ ਜਾਣਕਾਰੀ ਪ੍ਰਦਾਨ ਕਰੋ।

**ਭਾਗ—ਚੌਥਾ**

7. ਸ਼ਬਦ ਦੇ ਅਰਥ ਸੰਬੰਧੀ ਅਪੋਹ ਸਿਧਾਂਤ ਬਾਰੇ ਚਰਚਾ ਕਰੋ।

8. ਸਮਾਨਾਰਥਕ ਸ਼ਬਦ ਕੀ ਹੁੰਦੇ ਹਨ ? ਇਸ ਸਬੰਧੀ ਚਰਚਾ ਕਰੋ।



www.a2zpapers.com www.a2zpapers.com
oad free old Question papers gndu, ptu hp board, punjab